# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਸੈਂਟਰਲ ਟਾਊਨ ਵਾਰਡ ਨੰ: 31 ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਕਮਿਊਨਟੀ ਹਾਲ ਦੇ ਕੰਮ ਦੀ ਤਿਕਸ਼ਨ ਸੂਦ ਨੇ ਕੀਤੀ ਸ਼ੁਰੂਆਤ

## ਵਾਰਡ ਨੰ:31 ਦੇ ਨਿਵਾਸੀਆਂ ਨੂੰ ਜਲਦ ਮਿਲੇਗਾ ਕਮਿਊਨਟੀ ਹਾਲ

ਹੁਸ਼ਿਆਰਪੁਰ 27 ਦਸੰਬਰ ਵਾਰਡ ਨੰ: 31 ਦੇ ਨਿਵਾਸੀਆ ਨੂੰ ਜਲਦ ਮਿਲੇਗਾ ਕਮਿਊਨਟੀ ਹਾਲ ਇਹ ਜਾਣਕਾਰੀ ਮੁੱਖ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ: 31 ਦੇ ਸੈਂਟਰਲ ਟਾਊਨ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਕਮਿਊਨਟੀ ਹਾਲ ਦੀ ਉਸਾਰੀ ਦੇ ਕੰਮ ਦੀ ਸ਼ੁਰੂਆਤ ਮੁਹੱਲੇ ਦੀ ਬਜ਼ੁਰਗ ਤੀਰਥ ਸਿੰਘ ਤੋਂ ਰੀਬਨ ਕੱਟਵਾ ਕੇ ਕਰਨ ਮੋਕੇ ਦਿੱਤੀ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ ਸਿੰਘ ਬਾਦਲ ਵੱਲੋਂ ਪਿਛਲੇ ਦਿਨੀ ਕੀਤੇ ਗਏ ਸੰਗਤ ਦੌਰਾਨ ਇਸ ਵਾਰਡ ਦੇ ਨਿਵਾਸੀਆਂ ਨੇ ਭਾਜਪਾ ਆਗੂ ਗਿਆਨ ਸਿੰਘ ਬਾਂਸਲ ਦੀ ਅਗਵਾਈ ਵਿੱਚ ਕਮਿਊਨਟੀ ਹਾਲ ਦੀ ਮੰਗ ਕੀਤੀ ਸੀ।ਜਿਸ ਲਈ 10 ਲੱਖ ਰੁਪਏ ਮੁੱਖ ਮੰਤਰੀ ਪੰਜਾਬ ਵੱਲੋਂ ਪ੍ਰਾਪਤ ਹੋਏ ਚੁੱਕੇ ਹਨ ਅਤੇ ਕਮਿਊਨਟੀ ਹਾਲ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਜਲਦੀ ਹੀ ਮਕੰਮਲ ਕਰ ਲਿਆ ਜਾਵੇਗਾ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਕਾਰਜਕਾਰੀ ਇੰਜੀਨੀਅਰ ਸ਼ਤੀਸ ਸੈਣੀ, ਐਸ.ਡੀ.ਓ ਹਰਪ੍ਰੀਤ ਸਿੰਘ, ਜੇ.ਈ. ਲਵਦੀਪ ਸਿੰਘ, ਜਗਤਾਰ ਸਿੰਘ ਸੈਣੀ, ਰਾਮਦੇਵ ਯਾਦਵ, ਸੁਦਰਸ਼ਨ ਸਿੰਘ, ਵਿਨੋਦ ਹੰਸ, ਵਿਜੈ ਗੁਪਤਾ, ਅਸ਼ੋਕ ਗੁਪਤਾ, ਯਸ਼ਪਾਲ ਸ਼ਰਮਾ, ਸੁਰਿੰਦਰ, ਸਹਿ ਦੇਵ, ਨਰਿੰਦਰ ਸ਼ਰਮਾ, ਸੁਦਰਸ਼ਨ ਵਰਮਾ, ਪ੍ਰੀਤਮ ਸਿੰਘ, ਬਬੀਤਾ ਸੈਣੀ, ਪਰਮਜੀਤ ਕੌਰ, ਸੁਰਿੰਦਰ ਸਿੰਘ, ਬਲਜੀਤ ਕੌਰ, ਉਂਕਾਰ ਸਿੰਘ, ਗੁਰਜਿੰਦਰ ਪਾਲ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।